ISSN 2371-431X

ਅੰਤਰਰਾਸ਼ਟਰੀ ਜਰਨਲ


# ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ

(BI-ANNUAL)

ISSUE NO : 5

DECEMBER 2022

# عالمی جرنل : پنجابی زبان، ادب تے ثقافت



INTERNATIONAL JOURNAL OF

# PUNJABI LANGUAGE, LITERATURE AND CULTURE

Editor-in-Chief – Ajaib Singh Chatha
Editor– Arvinder Dhillon

ISSN 2371-431X

December, 2022

# INTERNATIONAL JOURNAL OF PUNJABI LANGUAGE, LITERATURE AND CULTURE


## EDITORIAL BOARD

**Dr. Daljit Singh**
Ex-Vice Chancellor

**Dr. Mohd. Iqbal Shahid**
Dean, Government University, Lahore (PAK)

**Dr. Nabila Rehman**
University of Punjab, Lahore (PAK)

**Dr. S.S. Gill**
Ex-Vice Chancellor

**Dr. Satnam Singh Jassal**
Dean, Guru Kashi Uni, Damdama Sahib

**Dr. Jaswinder Singh**
Principal, Khalsa College, Delhi (INDIA)

## REVIEW COMMITTEE

**Dr. Mujahida Butt,** Pakistan
**Inderjit Kaur,** India
**Balwinder Singh Chatha,** USA
**Dr. Ramni Batra,** Canada

## ADVISORY COMMITTEE

**Shalini Datta,** India
**Dr. Amritpal Kaur,** India
**Dr. Balwinderr Singh Brar,** India
**Balwinder Kaur Chatha,** Canada



**PUBLISHER**
**ASEEM PUBLICATION INC.**
Punjabi Business Professional Association,
45 Ray Lawson Blvd. Brampton, On. L6Y 3L4, CANADA
e-mail:punjabikalm2018@gmail.com M. 0016474031299

**PRINTER :** Ekta Printers, PTA

**Composing :** H.S. Computers

**PRICE :** $ 25, Rs. 250


**Sent your updates regarding this Journal**


*In Canada*
**Ajaib Singh Chatha**
Tel : 905 791 1623
email : ajaib.chatha@gmail.com

*In India*
**Arvinder Dhillon**
Tel : 94175-56390
email : arvinderdhillon96@gmail.com


The Editor does not take any responsibility for the contents of article/research paper published in the journal

# ਤਤਕਰਾ


1. ਰਵਿੰਦਰ ਰਵੀ ਰਚਿਤ ਮਿਥ਼ਰ ਨਾਟਕ (ਪ੍ਰੋ. ਇੰਦਰਜੀਤ ਕੌਰ) 3
2. ਧਰਮ ਤੇ ਧਾਰਮਿਕ ਵਿਹਾਰ ਦੇ ਸੱਚ ਦੀ ਪੇਸ਼ਕਾਰੀ: ਕਾਲ ਕਥਾ (ਡਾ. ਅੰਮ੍ਰਿਤਪਾਲ ਕੌਰ) 11
3. ਰਾਮ ਸਰੂਪ ਅਣਖੀ ਦੇ ਨਾਵਲਾਂ ਵਿਚ ਪੰਜਾਬੀ ਸਾਕਾਦਾਰੀ ਪ੍ਰਬੰਧ (ਡਾ. ਰਮਨਦੀਪ ਕੌਰ) 18
4. ਪੰਜਾਬ ਸੰਕਟ ਸੰਬੰਧੀ ਕਵਿਤਾ ਦਾ ਕਾਵਿ-ਅਵਚੇਤਨ (ਡਾ. ਲਖਵੀਰ ਸਿੰਘ) 26
5. 'ਕ੍ਰਿਪਾਲ ਕਜ਼ਾਕ ਦਾ ਕਹਾਣੀ-ਸੰਗ੍ਰਹਿ 'ਹੁੰਮਸ'-ਦਲਿਤ ਪਰਿਪੇਖ (ਡਾ. ਬਲਵਿੰਦਰ ਕੌਰ) 36
6. ਬਲਵੰਤ ਗਾਰਗੀ ਦੀ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ (ਜਸਪ੍ਰੀਤ ਕੌਰ) 42
7. ਬਲਵੰਤ ਗਾਰਗੀ ਦੀ ਸਾਹਿਤ ਨੂੰ ਦੇਣ (ਮਨਦੀਪ ਕੌਰ) 48
8. ਪ੍ਰਿੰ. ਸੰਤ ਸਿੰਘ ਸੇਖੋਂ : ਸਾਹਿਤ ਦਾ ਭਾਸ਼ਾਈ ਸਮੀਖਿਆਕਾਰ (ਮਨਦੀਪ ਸਿੰਘ) 55
9. ਭਾਰਤ ਦੀ ਸਿਖਿਆ ਪ੍ਰਣਾਲੀ : ਸਿਧਾਂਤ ਅਤੇ ਵਿਹਾਰ (ਡਾ. ਸੁਖਜੀਤ ਕੌਰ, ਡਾ. ਹੈਪੀ, ਪ੍ਰੋ. ਮਨਮੋਹਨ ਕੌਰ) 66
10. ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਸਰਵੇਖਣ (ਅਰਵਿੰਦਰ ਢਿੱਲੋਂ) 71


## ਪੁਸਤਕ ਰੀਵਿਊ


- ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਇਤਿਹਾਸ-ਇਕ ਮੁਲਾਂਕਣ (ਰਿਵਿਊਕਾਰ : ਪਿਆਰਾ ਸਿੰਘ ਕੁੱਦੋਵਾਲ 102
- ਵਿਆਹ-ਰੀਤਾਂ ਦੀ ਅਮਰਵੇਲ ਬਦਲਦੇ ਸਰੂਪ (ਰੀਵਿਊਕਾਰ : ਅਰਵਿੰਦਰ ਢਿੱਲੋਂ) 109
- ਕਾਇਦਾ-ਏ-ਨੂਰ 21ਵੀਂ ਸਦੀ (ਰਿਵਿਊਕਾਰ : ਅਰਵਿੰਦਰ ਢਿੱਲੋਂ) 113

# 'ਕ੍ਰਿਪਾਲ ਕਜ਼ਾਕ ਦਾ ਕਹਾਣੀ-ਸੰਗ੍ਰਹਿ 'ਹੁੰਮਸ'—ਦਲਿਤ ਪਰਿਪੇਖ

ਡਾ. ਬਲਵਿੰਦਰ ਕੌਰ
ਸਹਾਇਕ ਪ੍ਰੋਫੈਸਰ (ਪੰਜਾਬੀ ਵਿਭਾਗ)
ਖਾਲਸਾ ਕਾਲਜ ਫਾਰ ਵੂਮੈਨ, ਸਿੱਧਵਾਂ ਖੁਰਦ, ਲੁਧਿਆਣਾ

ਸਾਹਿਤ ਇਕ ਅਤਿ ਸੂਖਮ ਕਲਾ ਹੈ। ਇਕ ਅਜਿਹੀ ਕਲਾ ਜਿਸ ਰਾਹੀਂ ਮਨੁਖ ਆਪਣੇ ਦਿਲੀ ਵਲਵਲਿਆਂ ਅਤੇ ਭਾਵਾਂ ਦੀ ਤਰਜਮਾਨੀ ਕਰਦਾ ਹੈ। ਸਾਹਿਤਕ ਰਚਨਾ, ਅਸਲ ਵਿਚ ਸਮਾਜਿਕ ਪਸਾਰ ਦਾ ਹੀ ਬਦਲਵਾਂ ਰੂਪ ਹੁੰਦੀ ਹੈ। ਇਹ ਸਾਹਿਤਕਾਰ ਤੇ ਨਿਰਭਰ ਕਰਦਾ ਹੈ ਕਿ ਉਹ ਇਸ ਪਸਾਰ ਵਿਚਲੀਆਂ ਤੰਦਾਂ ਨੂੰ ਕਿਸ ਵਿਧਾ ਦੇ ਮਾਧਿਅਮ ਰਾਹੀਂ ਪਾਠਕਾਂ ਦੇ ਦਰਪੇਸ਼ ਕਰਦਾ ਹੈ। ਸਾਹਿਤ ਦੇ ਬਾਕੀ ਰੂਪਾਂ ਦੇ ਮੁਕਾਬਲਨ 'ਕਹਾਣੀ' ਇਕ ਅਜਿਹੀ ਵਿਧਾ ਹੈ ਜਿਸਨੂੰ ਜਨਸਧਾਰਨ ਬੜੀ ਸੌਖ ਨਾਲ ਸਮਝ ਸਕਦਾ ਹੈ। ਕਹਾਣੀ ਰਾਹੀਂ ਜੀਵਨ ਦਾ ਤਤਸਾਰ ਸਪੱਸ਼ਟ ਸ਼ਬਦਾਂ ਵਿਚ ਪਾਠਕਾਂ ਨੂੰ ਟੁੰਬਣ ਦੀ ਸਮਰਥਾ ਰੱਖਦਾ ਹੈ। ਹਥਲੇ ਖੋਜ ਪਤਰ ਲਈ ਕਹਾਣੀ ਵਿਧਾ ਦੀ ਚੋਣ ਇਸੇ ਦ੍ਰਿਸ਼ਟੀਕੋਣ ਤਹਿਤ ਦਰਪੇਸ਼ ਹੈ।

ਸ਼ਬਦ 'ਦਲਿਤ' ਉਨਵੀ ਸਦੀ ਦੀਆਂ ਵਖੋ-ਵੱਖਰੀਆਂ ਸਾਹਿਤਕ ਵਿਧਾਵਾਂ ਵਿਚ ਉਭਰਿਆ ਸ਼ਬਦ ਹੈ। ਸਭ ਤੋਂ ਪਹਿਲਾਂ ਇਸ ਸ਼ਬਦ ਦੇ ਸੰਕਲਪ ਅਤੇ ਭਿੰਨ-ਭਿੰਨ ਪ੍ਰਸੰਗਾਂ ਦਾ ਅਧਿਐਨ ਲਾਜ਼ਮੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਦਬਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ ਜੋ ਉਚ ਜਾਤਾਂ ਦੇ ਪੈਰਾਂ ਹੇਠ ਕੁਚਲਿਆ ਗਿਆ ਹੋਵੇ।"[1]

ਮਾਣਕ ਹਿੰਦੀ ਕੋਸ਼ ਅਨੁਸਾਰ, "ਦਲਿਤ (ਦਲ ਅਤੇ ਕਤ)(1) ਜਿਸਦਾ ਦਮਨ ਹੋਇਆ ਹੋਵੇ (2) ਜੋ ਕੁਚਲਿਆ, ਦਲਿਆ, ਮਸਲਿਆ ਜਾਂ ਰਗੜਿਆ ਗਿਆ ਹੋਵੇ (3) ਟੁਕੜੇ ਟੁਕੜੇ ਕੀਤਾ ਗਿਆ (4) ਜੋ ਦਬਾਇਆ ਗਿਆ ਅਰਥਾਤ ਪੁੰਗਰਨ ਜਾਂ ਵਧਣ ਨਾ ਦਿਤਾ ਗਿਆ ਹੋਵੇ। ਹੀਣ ਅਵਸਥਾ ਵਿਚ ਪਿਆ ਹੋਇਆ (5) ਨਸ਼ਟ ਕੀਤਾ ਗਿਆ ਹੋਵੇ।"[2]

ਭਾਵ ਸਮਾਜ ਦਾ ਉਹ ਹੇਠਲਾ ਵਰਗ ਜਿਹੜਾ ਉੱਚ ਵਰਗ ਦੇ ਲੋਕਾਂ ਦੇ ਸ਼ੋਸ਼ਣ ਕਰਕੇ ਆਰਥਿਕ ਤੌਰ ਤੇ ਬਹੁਤ ਹੀ ਮਾੜੀ ਹਾਲਤ ਵਿਚ ਹੋਏ ਜਿਵੇਂ ਦਾਸ ਪ੍ਰਥਾ ਵਿਚ ਗੁਲਾਮ, ਸਾਮੰਤਸ਼ਾਹੀ ਵਿਚ ਕਿਸਾਨ ਅਤੇ ਮਜ਼ਦੂਰ, ਪੂੰਜੀਵਾਦੀ ਵਿਵਸਥਾ ਵਿਚ ਮਜ਼ਦੂਰ ਓਤੇ ਦਲਿਤ ਆਉਂਦੇ ਹਨ।

ਡਾ ਅੰਬੇਦਕਰ ਅਨੁਸਾਰ, " ਦਲਿਤ ਵਰਗ ਆਪਣੇ ਆਪ ਵਿਚ ਅਜਿਹੇ ਲੋਕਾਂ ਦਾ ਸਮੂਹ ਹੈ ਜਿਹੜਾ ਮੁਸਲਮਾਨਾਂ ਤੋਂ ਵਖਰਾ ਹੈ ਜਦ ਕਿ ਉਹਨਾਂ ਨੂੰ ਅਛੂਤ ਕਿਹਾ ਜਾਂਦਾ ਹੈ ਕਿਉਂ ਕਿ ਉਹ ਕਿਸੇ ਵੀ ਹਿੰਦੂ ਜਾਤੀ ਦਾ ਅਨਿੱਖੜਵਾਂ ਅੰਗ ਨਹੀਂ ਹੈ। ਉਹ ਨਾ ਕੇਵਲ ਉਹਨਾਂ ਤੋਂ ਅਲਗ ਰਹਿੰਦੇ ਹਨ ਸਗੋਂ ਉਹਨਾਂ ਨੂੰ ਸਮਾਜ ਵਿਚ ਜੋ ਦਰਜਾ ਪ੍ਰਾਪਤ ਹੈ ਉਹ ਭਾਰਤ ਦੀਆਂ ਕਈ ਜਾਤੀਆਂ ਤੋਂ ਅਲਗ ਹੈ। ਭਾਰਤ ਵਿਚ ਅਨੇਕਾਂ ਜਾਤੀਆਂ ਅਤਿ ਦੀ ਦਰਦਨਾਕ ਅਤੇ ਗੁਲਾਮੀ ਦੀ ਸਥਿਤੀ ਵਿਚ ਰਹਿ ਰਹੀਆਂ ਹਨ, ਪਰੰਤੂ ਦਲਿਤ ਵਰਗ ਦੀ ਸਥਿਤੀ ਬਿਲਕੁਲ ਵਖਰੀ ਹੈ। ਅੰਤਰ ਕੇਵਲ ਇੰਨ੍ਹਾਂ ਹੈ ਕਿ ਖੇਤੀ ਦਾ ਕੰਮ ਕਰਨ ਵਾਲੇ ਅਤੇ ਨੌਕਰਾਂ ਨਾਲ ਛੂਆ-ਛਾਤ ਕਰਨ ਵਾਲਾ ਵਿਹਾਰ ਨਹੀਂ ਕੀਤਾ ਜਾਂਦਾ, ਜਦੋਂ ਕਿ ਦਲਿਤ ਵਰਗ ਛੂਆ ਛਾਤ ਦਾ ਸ਼ਿਕਾਰ ਹੈ। ਉਹਨਾਂ ਨੂੰ ਮਾਨਵੀ ਜੀਵਨ ਦੇ ਮੁਢਲੇ ਅਧਿਕਾਰਾਂ ਤੋਂ ਵਚਿੰਤ ਰੱਖਿਆ ਜਾਂਦਾ ਹੈ"3

ਸੋ ਵਖ-ਵੱਖ ਕੋਸ਼ਾਂ ਤੇ ਵਖੋ-ਵਖਰੇ ਵਿਦਵਾਨਾਂ ਦੇ ਮਤਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਉਹਨਾਂ ਇਸਨੂੰ ਸਮਾਜਿਕ ਅਤੇ ਆਰਥਿਕ ਤੌਰ ਤੇ ਹਾਸ਼ੀਆਗਤ ਵਿਅਕਤੀ ਸਮੂਹ ਸਵੀਕਾਰ ਕੀਤਾ ਹੈ। ਇਸਦੇ ਨਾਲ ਹੀ ਸਮਾਜਿਕ ਸਰੀਰਕ ਤੌਰ ਤੇ ਅਛੂਤ ਵਰਗ ਨੂੰ ਇਸ ਵਿਚ ਸ਼ਾਮਿਲ ਕਰਨਾ ਪਵੇਗਾ। ਇਹ ਲੋਕ ਭਾਵੇਂ ਸਮਾਜਿਕ, ਆਰਥਿਕ ਤੌਰ ਤੇ ਨਿਮਨ ਹੋਣ ਇਹਨਾਂ ਨੂੰ ਹਮੇਸ਼ਾ ਹੀ ਉਚ ਸ਼੍ਰੇਣੀ ਦੇ ਜ਼ੁਲਮ ਦਾ ਸ਼ਿਕਾਰ ਹੋਣ ਪਿਆ ਹੈ।

ਦਲਿਤ ਜੀਵਨ ਦੇ ਸਭ ਤੋਂ ਵਧ ਪ੍ਰਭਾਵਿਤ ਹੋਣ ਦੀਆਂ ਸੰਭਾਵਨਾਵਾਂ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਹਨ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਨਿਯਮਤ ਆਰਥਿਕਤਾ ਦੀ ਥਾਂ ਬਾਜ਼ਾਰੂ ਰੁਚੀਆਂ ਭਾਰੂ ਹੋਈਆਂ, ਜਿਸ ਨਾਲ ਭਾਰਤ ਵਿਚਲਾ ਖੇਤੀ ਅਧਾਰਿਤ ਮਜ਼ਦੂਰ ਗੰਭੀਰ ਸੰਕਟ ਦਾ ਸ਼ਿਕਾਰ ਹੋਇਆ। ਉਚੇਰੀ ਸਿਖਿਆ ਦੇ ਨਿਜੀਕਰਨ ਤੇ ਪੇਂਡੂ ਦਲਿਤ ਉਸ ਪਖੋਂ ਵੀ ਪਿਛੜ ਗਿਆ। ਆਰਥਿਕ ਮੰਦਹਾਲੀ ਦੇ ਕਾਰਨ ਸਰਕਾਰੀ ਸਕੂਲ ਅਤੇ ਸਰਕਾਰੀ ਹਸਪਤਾਲ ਤਕ ਸੀਮਤ ਹੋਕੇ ਰਹਿ ਗਿਆ। ਅਜਿਹੇ ਲਤਾੜੇ ਵਰਗ ਦੀ ਗਾਥਾ ਦਲਿਤ ਸਾਹਿਤ ਦੀਆਂ ਵਖ-ਵਖ ਵਿਧਾਵਾਂ ਵਿਚ ਇਕ ਵਖਰੇ ਸੰਕਲਪ ਦੇ ਤੌਰ ਤੇ ਉਭਰੀ।

ਪੰਜਾਬੀ ਵਿਚ ਦਲਿਤ ਜੀਵਨ ਦੀ ਪੇਸ਼ਕਾਰੀ ਇਕ ਲਹਿਰ ਦੇ ਰੂਪ ਵਿਚ ਹੋਈ। ਪੰਜਾਬੀ ਕਹਾਣੀ ਜਗਤ ਵਿਚ ਦਲਿਤ ਜਗਤ ਦਾ ਦੁਖਾਂਤ ਭਿੰਨ-ਭਿੰਨ ਕਹਾਣੀਕਾਰਾਂ ਨੇ ਆਪੋ-ਆਪਣੇ ਵਰਗ ਦੇ ਮਾਧਿਅਮ ਰਾਹੀਂ ਪੇਸ਼ ਕੀਤਾ ਹੈ। ਇਹ ਪੱਖ ਤੋਂ ਕਹਾਣੀ ਲਿਖਣ ਵਾਲੇ ਦੋ ਵਰਗ ਸਾਹਮਣੇ ਆਏ। ਇਕ ਉਹ ਕਹਾਣੀਕਾਰ ਸਨ ਜਿਹੜੇ ਦਲਿਤ ਵਰਹ ਨਾਲ ਸਬੰਧਤ ਹਨ ਅਤੇ ਦੂਸਰੇ ਉਹ ਜਿਹੜੇ ਗੈਰ ਦਲਿਤ ਵਰਗ ਨਾਲ। ਦੋਵੇਂ ਹੀ ਭਾਂਤ ਦੇ ਕਹਾਣੀਕਾਰਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਅਧਾਰਿਤ ਦਲਿਤ ਵਰਗ ਦੇ ਦਰਦ ਨੂੰ ਬਿਆਨਿਆ ਹੈ।

'ਕਿਰਪਾਲ ਕਜ਼ਾਕ' ਪੇਂਡੂ ਕਿਰਤੀ ਵਰਗ ਦੇ ਦੁਖਾਂਤ ਨੂੰ ਪੇਸ਼ ਕਰਨ ਵਾਲਾ ਨਿਪੁੰਨ ਕਥਾਕਾਰ ਹੈ। ਉਹ ਦਲਿਤ ਜਾਤੀ ਪ੍ਰਤੀ ਖਿਆਲੀ ਸੁਭਾਓ ਪੇਸ਼ ਕਰਨ ਦੀ ਥਾਂ ਇਸ ਵਰਗ ਦੇ ਜ਼ਜਬਾਤ ਅਨੁਭਵ ਨੂੰ ਕਲਾਤਮਕ ਸਿਰਜਣਾ ਰਾਹੀਂ ਪੇਸ਼ ਕਰਨ ਦੇ ਸਮਰਥ ਸਾਹਿਤਕਾਰ ਵਜੋਂ ਉਭਰਿਆ ਹੈ। ਪੰਜਾਬ ਦੇ ਪਿੰਡਾਂ ਵਿਚ ਬੋਲੀ ਜਾਣ ਵਾਲੀ ਠੇਠ ਸ਼ਬਦਾਵਲੀ ਉਸਦੀਆਂ ਕਹਾਣੀਆਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਕਿਰਪਾਲ ਕਜ਼ਾਕ ਕਿਰਤੀ ਵਰਗ ਦੇ ਸਮਾਜਿਕ, ਆਰਥਿਕ, ਸਭਿਆਚਾਰਕ ਪ੍ਰਬੰਧ ਕਰਕੇ ਪੈਦਾ ਹੁੰਦੇ ਵਿਕਾਰਾਂ ਨੂੰ ਸੁਹਜ ਬਿਰਤੀ ਰਾਹੀਂ

ਪੇਸ਼ ਕਰਦਾ ਹੈ। ਉਸਦੀਆਂ ਕਹਾਣੀਆਂ ਦਾ ਰਚਨਾਤਮਕ ਅਧਾਰ ਪੰਜਾਬ ਦੇ ਪੇਂਡੂ ਜੀਵਨ ਵਿਚਲਾ ਪੇਂਡੂ ਕਿਰਤੀ ਕਾਮਾ ਹੈ। ਪੂੰਜੀਵਾਦੀ ਆਰਥਿਕ ਪ੍ਰਬੰਧ ਵਿਚ ਲਤਾੜਿਆ ਹੋਇਆ ਉਹ ਨੁਮਾਇੰਦਾ ਹੈ ਜਿਹੜਾ ਨਿਜੀ ਜਾਇਦਾਦ ਪਖੋਂ ਊਣਾ ਹੋਕੇ ਵੀ ਜੀਵਨ ਨਿਰਵਾਹ ਲਈ ਸਰੀਰਕ ਸਮਰਥਾ ਦੀ ਵਧ-ਚੜ੍ਹ ਕੇ ਵਰਤੋਂ ਕਰਦਾ ਹੈ ਪਰ ਇਸਦੇ ਬਾਵਜੂਦ ਨਿਰਾਸ਼ਮਈ ਸਥਿਤੀਆਂ ਵਿਚ ਉਲਝਿਆ ਇਹ ਕਾਮਾ ਲਾਚਾਰ ਵਿਖਾਈ ਦਿੰਦਾ ਹੈ।

ਕਿਰਪਾਲ ਕਜ਼ਾਕ ਦੀ ਕਹਾਣੀ 'ਹੁੰਮਸ' ਅਜਿਹੇ ਕਿਰਦਾਰ ਦੀ ਗਾਥਾ ਨੂੰ ਬਿਆਨਦੀ ਹੈ। ਇਸਦਾ ਮੁਖ ਪਾਤਰ 'ਕੀੜੂ' ਹੈ। ਜਿਹੜੀ ਆਪਣੇ ਪੁਰਖੀ ਕਿਤੇ ਅਧੀਨ ਪਿੰਡ ਦੇ ਜੱਟ 'ਗਿਲਾਂ' ਦਾ ਸੀਰੀ ਰਲਦਾ ਹੈ। ਆਪਣੀ ਭਰ ਜਵਾਨੀ ਦੇ ਵੀਹ ਸਾਲ ਗਿਲਾਂ ਦੇ ਵਫ਼ਾਦਾਰ ਕਾਮੇ ਵਜੋਂ ਨਿਭਾਉਣ ਤੇ ਵੀ ਅਖੀਰ ਉਸਨੂੰ ਉਸੇ ਜ਼ਿਮੀਦਾਰ ਵਰਗ ਦੁਆਰਾ ਪੈਰ ਦੇ ਠੇਢੇ ਦੇ ਭਾਅ ਰੋੜਨਾ ਉਸਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਦਾ ਹੈ।

ਇਥੇ ਕਹਾਣੀਕਾਰ ਦੋ ਪਖਾਂ ਨੂੰ ਪਾਠਕਾਂ ਦੇ ਦਰਪੇਸ਼ ਕਰਦਾ ਹੈ। ਇਕ ਪਾਸੇ ਕਿਰਤੀ ਵਰਗ ਅਤੇ ਦੂਜੇ ਪਾਸੇ ਕਿਸਾਨ ਸਮੁਦਾਇ, ਜਿਹੜਾ ਆਪਣੀ ਪੂਰੀ ਜਮਾਤ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਜਮਾਤੀ ਸੰਘਰਸ਼ ਆਰਥਿਕਤਾ ਦੇ ਲਤਾੜੇ ਪਾਤਰ 'ਕੀੜੂ' ਦੀ ਦੁਖਾਂਤਕ ਸਥਿਤੀ ਨੂੰ ਪੇਸ਼ ਕਰਦਾ ਹੈ। ਕਹਾਣੀ ਦੀਆਂ ਆਰੰਭਿਕ ਸਤਰਾਂ ਹੀ ਕਹਾਣੀ ਦੇ ਦੁਖਾਂਤਕ ਅਤੇ ਜਮਾਤੀ ਸੰਘਰਸ਼ ਨੂੰ ਪੇਸ਼ ਕਰਦੀਆਂ ਹਨ, " ਚੁਫੇਰੇ ਹੁੰਮਸ ਸੀ, ਪਰ ਕੋਈ ਤੂਫਾਨ ਸੀ ਜੋ ਕੀੜੂ ਨੂੰ ਜੜੋ ਪਟ ਕੇ ਸਿਟ ਗਿਆ ਸੀ ਤੇ ਉਹਦੀਆਂ ਹਰੀਜਨਾਂ ਦੀ ਠਠੀ ਤੋ ਲੈਕੇ ਗਿਲਾਂ ਦੇ ਫ਼ਾਰਮ ਤੀਕ ਫੈਲੀਆਂ ਜੜ੍ਹਾਂ ਖਲਾਅ ਵਿਚ ਲਟਕ ਰਹੀਆਂ ਸਨ।"4

ਜਮਾਤੀ ਸੰਘਰਸ਼ ਦਾ ਚਕਰ ਆਰਥਿਕ ਪ੍ਰਬੰਧ ਕਾਲ ਨਾਲ ਜੁੜਦਾ ਹੈ। ਕਹਾਣੀ ਦੇ ਪਾਤਰ 'ਕੀੜੂ' ਦੀ ਅਪੰਗਤਾ ਤੇ ਗਿਲਾਂ ਦੁਆਰਾ ਪਾਸਾ ਵਟਣਾ, ਇਕ ਸਮੇਂ ਤੇ ਦੋਹਾਂ ਦਾ ਨੇੜਲਾ ਰਿਸ਼ਤਾ ਹੋਣਾ ਆਦਿ ਕੜੀਆਂ ਦੇ ਸਬੰਧ ਪੂੰਜੀਵਾਦੀ ਕੀਮਤਾਂ ਦੀ ਪ੍ਰਫੁੱਲਤਾ ਨਾਲ ਤਿੜਕਦਾ ਹੈ। ਇਸ ਪੂੰਜੀਵਾਦੀ ਵਿਵਸਥਾ ਵਿਚ ਲਾਚਾਰ ਕਾਮਾ ਇਕ ਪਾਸੇ ਅਤੇ ਧਨੀ ਕਿਸਾਨ ਦੂਜੇ ਪਾਸੇ ਵਿਖਾਈ ਦਿੰਦਾ ਹੈ। ਇਹ ਧਨੀ ਵਰਗ ਉਸਦਾ ਆਰਥਿਕ ਸ਼ੋਸ਼ਣ ਹੀ ਨਹੀਂ ਕਰਦਾ ਸਗੋਂ ਕੀੜੂ ਦੀ ਪਤਨੀ ਦਾ ਸਰੀਰਕ ਸ਼ੋਸ਼ਣ ਵੀ ਕਰਦਾ ਹੈ। ਇਥੇ ਕਹਾਣੀਕਾਰ ਦਲਿਤ ਵਰਗ ਦੀ ਸਮਾਜਿਕ ਅਤੇ ਮਾਨਸਿਕ ਪੀੜ ਨੂੰ ਬਿਰਤਾਂਤ ਦੇ ਘੇਰੇ ਵਿਚ ਪੇਸ਼ ਕਰਦਾ ਹੈ।

ਕੀੜੂ ਦੀ ਮਾਨਸਿਕ ਅਧੋਗਤੀ ਦਾ ਦ੍ਰਿਸ਼ ਉਸ ਸਮੇਂ ਸਾਕਾਰ ਹੁੰਦਾ ਹੈ ਜਦੋਂ ਲਾਚਾਰੀ ਦੀ ਹਾਲਤ ਵਿਚ ਆਪਣੀ ਵਲਗਣ ਤੇ ਝਾਤ ਮਾਰਦਾ ਹੈ ਤੇ ਦੂਜੇ ਪਾਸੇ ਲੋਕਾਈ ਦੁਆਰਾ ਖੁਸ਼ੀ ਦੇ ਇਜ਼ਹਾਰ ਵਿਚ ਗਿਲਾਂ ਦੇ ਨਵੇਂ ਸੀਰੀ ਦਾ ਜ਼ਿਕਰ ਆਉਂਦਾ ਹੈ, " ਹਾਸੜ ਫਿਰ ਉਚਾ ਹੋਇਆ ਤਾਂ ਉਹਨੇ ਲਖੀ ਰਵਦਾਸੀਏ ਬਾਰੇ ਸੋਚਿਆ, ਜੋ ਹੁਣ ਉਹਦੀ ਥਾਂ ਗਿਲਾਂ ਦਾ ਸੀਰੀ ਸੀ। ਭੌਰ ਭੌਰ ਕੀੜੂ ਵੇਹੜਾ ਝਾਕਣ ਲਗਾ। ਟੁਟਾ ਛਿਤਰ, ਡਿਗਦੇ ਲਿਉੜ, ਰੁੰਡ ਕਿਕਰੀ, ਠੰਡੀ ਹੁਕੀ, ਸਿਲਵਰ ਦੇ ਭਾਂਡੇ, ਕਹੀ ਦਾ ਟੁੰਡ, ਮੈਲਾ ਦੋੜਾ, ਧੌਣ ਵਿਚ ਖੁਭਦੀ ਦਾਹੜੀ, ਪਿੱਠ ਵਿਚ ਵਿਚ ਦਸਕਦੀ ਪੀੜ ਤੇ ਆਲੇ ਵਿਚ ਪਈ ਪਿਤਲ ਦੀ ਬਾਟੀ।5"

ਕੀੜੂ ਦੀ ਦੁਰਬਲਤਾ ਕਾਰਨ ਉਸਦੀਆਂ ਧੀਆਂ ਦੁਆਰਾ ਢਿਡ ਭਰਨ ਲਈ ਦਿਹਾੜੀ ਜਾਣਾ ਜਿਥੇ ਲਾਚਾਰੀ ਦੀ ਸਥਿਤੀ ਨੂੰ ਬਿਆਨਦਾ ਹੈ ਉਥੇ ਆਪਣੀ ਪਤਨੀ ਦੀ ਭੇਦਭਰੀ ਮੌਤ ਤੋਂ ਬਾਅਦ ਆਪਣੀ ਧੀ 'ਮੈਨਾ' ਦੇ ਭਵਿਖ ਪ੍ਰਤੀ ਸੋਚ ਉਸਦੀ ਮਾਨਸਿਕਤਾ ਨੂੰ ਝਿੰਜੜੋਦੀ ਹੈ। ਇਸ ਮਾਨਸਿਕ ਵਿਦਰੋਹ ਦੀ ਸਥਿਤੀ

ਵਿਚ ਭਰਮਿਤ ਉਹ ਗਿਲਾਂ ਲਈ ਜਿਹਨੀ ਸੁਲਗਣ ਉਸਦੇ ਹਥਲੇ ਬੋਲਾਂ ਤੋਂ ਜ਼ਾਹਿਰ ਹੁੰਦੀ ਹੈ:

"ਚੁੱਲ੍ਹੇ ਤੇ ਪਈ ਪਤੀਲੀ ਉਸ ਵਿਗਾਹ ਕੇ ਵਿਹੜੇ ਵਿਚ ਮਾਰੀ। "ਇਹਨਾਂ ਗਿਲਾਂ ਦੀ ਓਏ ਮੈਂ।" ਉਚੇ ਬੋਲ, ਭਰਵੀਂ ਗਾਹਲ ਫਿਰ ਗਿਲਾਂ ਨੂੰ ਕਢੀ ਅਤੇ ਗੁਸੇ ਨਾਲ ਬਾਹਰ ਵਲ ਨੂੰ ਅਹੁਲਿਆ; ਪਰ ਅਚਾਨਕ ਉਹਦਾ ਪੈਰ ਬਕਰੀ ਦੇ ਰਸੇ ਵਿਚ ਉਲਝ ਗਿਆ। ਗੁਸੇ ਨਾਲ ਉਸਨੇ ਟਕੂਆ ਉਲਾਰਿਆਇਕ ਦੋਤਿੰਨ। ਬਕਰੀ ਡਡਿਆਈ ਪਰ ਉਸ ਤੋਂ ਮਗਰੋਂ, ਕੀੜੂ ਨੂੰ ਕੇਵਲ ਏਨਾ ਜਾਪਿਆ, ਸਾਹਮਣੇ ਜੋਰਾ ਸਿਹੁੰ ਹੈ, ਤੇ ਉਹਦੇ ਆਪਣੇ ਹਥ ਵਿਚ ਟਕੂਆ ਹੈ।"[6]

ਇਥੇ ਕਿਰਪਾਲ ਕਜ਼ਾਕ ਨੇ ਪਾਤਰ ਕੀੜੂ ਦੇ ਅੰਦਰੂਨੀ ਯਥਾਰਥ ਦੀ ਬਾਹਰਮੁਖੀ ਪੇਸ਼ਕਾਰੀ ਕੀਤੀ ਹੈ। ਭਾਵੇਂ ਬਾਹਰੀ ਯਥਾਰਥ ਵਿਚ ਉਸਦਾ ਨਾਇਕ ਬੇਵਸੀ ਅਤੇ ਹਰਖ ਵਿਚ ਸਵੈ ਗਿਲਾਨੀ, ਹਵਾੜ ਅਤੇ ਰਿਝਣ ਦੀ ਸਥਿਤੀ ਵਿਚ ਵਿਖਾਈ ਦਿੰਦਾ ਹੈ ਪਰ ਕਹਾਣੀ ਦੇ ਸੁਖਾਂਤਕ ਅੰਤ ਵਿਚ ਕਹਾਣੀਕਾਰ ਦੀ ਕਲਮ ਸੁਹਜ ਦੀ ਪੇਸ਼ਕਾਰੀ ਕਰਦੀ ਹੈ। ਕੀੜੂ ਦੀ ਧੀ ਮੈਨਾ ਦੀ ਬਰ ਰਹਿਤ ਪ੍ਰਭਾਵ ਦੀ ਹੋਂਦ ਵਿਦਰੋਹ ਦੀ ਸੁਰ ਨੂੰ ਸ਼ਾਂਤ ਕਰਦੀ ਹੈ। " ਕੀੜੂ ਨੇ ਭਰਵਾਂ ਸਾਹ ਲਿਆ। ਧੀ ਦਾ ਸਿਰ ਪਲੋਸਦਿਆਂ ਪਲ ਦਾ ਪਲ ਉਹਦਾ ਹੱਥ ਕੰਬਿਆ ਅਤੇ ਮਨ ਭਰ ਆਇਆ ਪਰ ਅਗਲੇ ਹੀ ਬਿੰਦ, ਕੀੜੂ ਨੇ ਸ਼ਾਂਤ ਚਿਤ ਪਾਸਾ ਪਰਤਿਆ ਅਤੇ ਭਰ ਆਈਆਂ ਅਖਾਂ ਨਾਲ, ਛਤ ਦੇ ਮਘੋਰੇ ਵਿਚੋਂ ਦੂਰਡਲਕਦਾ ਅਸਮਾਨ ਵਖਣ ਲਗਾ।"[7]

ਕਿਰਪਾਲ ਕਜ਼ਾਕ ਸ਼ੋਸ਼ਿਤ ਵਰਗ ਵਿਚ ਸੰਤਾਪ ਹੰਢਾ ਰਹੇ ਕਾਮੇ ਨਾਇਕ ਦੀਆਂ ਮਾਨਸਿਕ ਪਰਤਾਂ ਨੂੰ ਬੇਬਾਕੀ ਨਾਲ ਸਿਰਜਣਵਾਲਾ ਸਾਹਿਤਕਾਰ ਹੈ। ਜਿੱਥੇ ਆਰਥਿਕਤਾ ਦਾ ਨਪੀੜਨ ਪਾਤਰਾਂ ਦੀ ਪਰਿਵਾਰਕ ਮੰਦਹਾਲੀ ਨੂੰ ਦਰਸਾਉਂਦਾ ਹੈ ਉਥੇ ਜਵਾਨ ਪਾਤਰਾਂ ਦੀ ਜਵਾਨੀ ਵਿਚ ਰੁਲਦੀਆਂ ਸਧਰਾਂ, ਜਿਹੜੀਆਂ ਜਵਾਨ ਹੋਕੇ ਵੀ ਮਰਨ ਲਈ ਮਜਬੂਰ ਹੋ ਜਾਂਦੀਆਂ ਪ੍ਰਤਖ ਵਿਖਾਈ ਦਿੰਦੀਆਂ ਹਨ। ਕਹਾਣੀ 'ਕੰਧਾਂ ਤੋਂ ਬਿਨਾਂ' ਆਪਣੇ ਸਿਰਲੇਖ ਤੋਂ ਹੀ ਵਿਸ਼ਾ ਦਾ ਨਿਰੂਪਣ ਕਰਦੀ ਹੈ। ਇਹ ਕਹਾਣੀ ਦੇ ਮੁਖ ਪਾਤਰ 'ਤਾਰੂ' ਦੀ ਮਾਨਸਿਕਤਾ ਦੇ ਕਤਲ ਹੁੰਦੇ ਪਲ-ਪਲ ਦਾ ਸਪੱਸ਼ਟੀਕਰਨ ਕਰਦੀ ਹੈ। ਬੇਜ਼ਮੀਨੇ ਜਟ ਦੇ ਘਰ ਪਲਿਆ ਪੁਤ, ਜਿਸਦੀ ਮਾਂ ਉਸਨੂੰ ਮੇਲੇ ਵਿਚ ਮਹਿੰਗਾ ਸਿਹੁੰ ਜਟ ਕੋਲ ਛਡ ਤੁਰ ਗਈ, ਫਿਰ ਵਾਪਸ ਨਹੀਂ ਪਰਤੀ, ਦੂਜੇ ਪਾਸੇ ਲਾਚਾਰ ਜਟ ਦੁਆਰਾ ਕੁਆਰੀ ਕੁੜੀ ਨੂੰ ਮੁਲ ਖਰੀਦ ਕੇ ਬਚੇ ਦਾ ਪਾਲਣ ਪੋਸ਼ਣ ਕਰਨਾ ਤ੍ਰਾਸਦਿਕ ਸਥਿਤੀ ਨੂੰ ਰੂਪਮਾਨ ਕਰਦਾ ਹੈ। ਦੂਜੇ ਪਾਸੇ ਜਵਾਨੀ ਦੀ ਉਮਰੇ ਦੁਨਿਆਵੀ ਰਿਸ਼ਤੇ ਵਿਚ ਮਲਿ ਬੇਜ਼ਮੀਨੇ ਪਿਉ ਦੀ ਮੌਤ ਤੋਂ ਬਾਅਦ ਲੋਕਾਂ ਨਾਲ 'ਸੀਰ ਕਰਨਾ' ਤੇ ਜ਼ਿਲਤ ਭਰੀ ਜ਼ਿੰਦਗੀ ਜਿਉਣ ਦੀ ਤਸਵੀਰ ਕਹਾਣੀ ਵਿਚ ਸਾਕਾਰ ਹੁੰਦੀ ਹੈ।

ਜਵਾਨੀ ਦਾ ਨਸ਼ਾ ਅਤੇ ਹਮ-ਉਮਰ ਹਾਣੀ ਦੀ ਹੋੜ ਵਿਚ ਹੀ ਉਸਨੇ ਭੇਜਾ ਸਿੰਘ ਜਟ ਦੇ ਘਰ ਚਾਕਰੀ ਕੀਤੀ ਤਾਂ ਜੋ ਉਸਦੀ ਵਡੀ ਧੀ ਦਾ ਸਾਕ ਉਸ ਨਾਲ ਹੋ ਸਕੇ ਪਰ ਭੇਜਾ ਸਿਹੁੰ ਦੀ ਵਡੀ ਧੀ ਦੇ ਮੰਗੀ ਜਾਣ ਦੀ ਖ਼ਬਰ ਵਿਚ ਸਿਲ-ਪਥਰ ਬਣ ਜਾਣ ਕਾਰਨ ਕੁਤਰੇ ਵਾਲੀ ਮਸ਼ੀਨ ਵਿਚ ਵਡੀਆਂ ਦੋਵੇਂ ਬਾਹਾਂ ਕਾਰਨ ਅਪਾਹਜ ਬਣਨਾ ਅਤੇ ਉਸਨੇ ਤ੍ਰਾਸਦਿਕ ਸਥਿਤੀ ਦਾ ਦੂਜਾ ਕਾਰਨ ਸਾਹਮਣੇ ਆਉਂਦੇ ਹਨ। ਤਾਰੂ ਦੀਆਂ ਜਵਾਨ ਸਧਰਾਂ ਦੀ ਅਪੂਰਤੀ ਉਸਦੀ ਦਿਸ਼ਾ ਨੂੰ ਭਟਕਾਉਂਦੀ ਹੈ ਜਿਥੇ ਉਹ ਕਦੇ 'ਘੀਚਰ'ਦੀ ਕਢ ਕੇ ਲਿਆਂਦੀ ਬਹੂ ਤੇ ਅਖ ਰਖਦਾ ਹੈ ਤੇ ਕਦੇ ਪਿੰਡ ਦੀਆਂ ਤ੍ਰੀਮਤਾਂ ਵਲ ਕੋਝੀ ਨਜ਼ਰ ਨਾਲ ਤਕਦਾ ਹੈ। ਆਪਣੀਆਂ ਇੱਛਾਵਾਂ ਦੀ

ਅਤ੍ਰਿਪਤੀ ਦਾ ਗੁਸਾ ਉਹ ਕਦੇ ਆਪਣੀ ਘੋੜੀ, ਕਦੇ ਪਿੰਡ ਦੀ ਪੰਚਾਇਤ ਅਤੇ ਕਦੇ ਆਪਣੀ ਮਤਰੇਈ ਮਾਂ ਪ੍ਰਸਿੰਨੀ ਤੇ ਕਢਦਾ ਹੈ। ਤਾਰੂ ਦੀਆਂ ਅਤ੍ਰਿਪਤ ਇੱਛਾਂਵਾਂ ਤੇ ਵਾਰ ਕਰਦੇ ਲੋਕਾਈ ਦੇ ਇਕ ਬੋਲ ਉਸਦੇ ਗੁਸੇ ਨੂੰ ਹੋਰ ਵੀ ਲਾਂਬੂ ਲਾਉਂਦੇ ਹਨ। ਜਿਥੇ ਉਹ ਬੇਵਸ ਵਿਖਾਈ ਦਿੰਦਾ ਹੈ, " ਬਹੁਤਾ ਹੇਜ ਐ ਤਾਂ, ਅਗੇ ਆਪ ਜੁਪ ਜੁੱਤੇ ਗਲ ਸੁਣੋਰੰਨ ਘੋੜਾ ਤਲਵਾਰ, ਖੁਡੂਆਂ ਨੇ ਨੀਂ ਰਖੇ ਕਦੇ।"[8]

ਸਰੀਰਕ ਅਪੰਗਤਾ ਤੇ ਆਰਥਿਕਤਾ ਦਾ ਨਪੀੜਨ ਉਸਦੀਆਂ ਸਧਰਾਂ ਨੂੰ ਵੀ ਨਪੀੜਦਾ ਹੈ ਜਿੱਥੇ ਉਸਦੇ ਇਹ ਬੋਲ ਉਸਦੀਆਂ ਅਪੂਰਨ ਇਛਾਂਵਾ ਨੂੰ ਇਹਨਾ ਸ਼ਬਦਾਂ ਵਿਚ ਚਿਤਰਦੇ ਹਨ: "ਵੋਟਾਂ ਮੰਗਦੇ ਐ ਸਾਲੇ ਮੇਰੇਅਖੇ ਉਗਰਾਹੀ ਦਿਓ, ਸਾਲਿਓ ਅਹੀਂ ਕਿਤੇ ਬਹੁਤੇ ਸੰਤੂ ਬੰਤੂ ਵਿਆਹੁਣੇ ਐਂ? ਲਗਿਆ, ਤਾਰੂ ਰੋ ਪਵੇਗਾ"[9]

ਜ਼ਿੰਦਗੀ ਦੀਆਂ ਮਾਰੂ ਪੀੜਾਂ ਨੂੰ ਸਹਿੰਦਿਆਂ ਤਾਰੂ ਅਜਿਹੀ ਬੇਚੈਨੀ ਤੇ ਪਾਗਲਪਨ ਦੀ ਸਥਿਤੀ ਵਿਚ ਪੁਜਦਾ ਵਿਖਾਈ ਦਿੰਦਾ ਹੈ ਜਿਥੇ ਉਹ ਆਪਣੀ ਮਤਰੇਈ ਮਾਂ ਵਿਚ ਆਪਣੀ ਅਤ੍ਰਿਪਤੀ ਦੀ ਪੂਰਤੀ ਦਾ ਗੁਨਾਹ ਕਿਆਸਦਾ ਜਾਪਦਾ ਹੈ ਪਰ ਹੋਸ਼ ਵਿਚ ਆਉਂਦਿਆਂ ਹੀ ਉਹ ਇਸੇ ਸੋਚ ਬਾਰੇ ਗਿਜ਼ਾਲਤ ਨਾਲ ਭਰ ਜਾਂਦਾ ਹੈ ਤੇ ਭੁਬੀ ਰੋਣਾ ਸ਼ੁਰੂ ਕਰ ਦਿੰਦਾ ਹੈ। ਇਥੇ ਕਹਾਣੀਕਾਰ ਕਹਾਣੀ ਦੇ ਅਖੀਰ ਤੇ ਪਾਠਕਾਂ ਦੇ ਲਈ ਇਕ ਸ਼ੋਸ਼ਿਤ ਇਨਸਾਨ ਦੀ ਗਾਥਾ ਨੂੰ ਪੇਸ਼ ਕਰਦਿਆਂ ਅਜਿਹਾ ਪ੍ਰਭਾਵ ਸਿਰਜਦਾ ਹੈ ਜਿਥੇ ਤਾਰੂ ਦੀ ਮਤਰੇਈ ਮਾਂ ਵਾਂਗ ਪਾਠਕਾਂ ਸਾਹਮਣੇ ਤਾਰੂ ਦੇ ਸਮਲੇ ਪਰੇ ਚਰਿਤਰ ਦਾ ਪ੍ਰਤਖਣ ਕਰਦਾ ਹੈ: " ਆਖਿਰ ਬਿਨਾਂ ਕੋਈ ਗੁਨਾਹ ਕੀਤੇ ਤਾਰੂ ਕਿਉਂ ਪਛਤਾਵੇ ਦੇ ਅਹਿਸਾਸ ਵਿਚ ਡੁਬਾ ਰਹਿੰਦਾ ਸੀ?"10

ਕਜ਼ਾਕ ਦੀ ਕਹਾਣੀ 'ਸੈਲਾਬ' ਇਕ ਅਜਿਹੇ ਪਾਤਰ ਦੀ ਮਾਨਸਿਕ ਅਧੋਗਤੀ ਨੂੰ ਪੇਸ਼ ਕਰਦੀ ਹੈ ਜਿਹੜਾ ਆਰਥਿਕ ਮੰਦਹਾਲੀ ਦੀ ਹਾਲਤ ਵਿਚ ਨਾ ਚਾਹੁੰਦਿਆਂ ਹੋਇਆ ਵੀ ਰੋਜ਼ੀ ਰੋਟੀ ਲਈ ਉਹ ਕਿਤੇ ਅਪਣਾਉਂਦਾ ਹੈ ਜੋ ਉਸਦੀ ਮਾਨਸਿਕਤਾ ਨੂੰ ਤਾਂ ਪ੍ਰਭਾਵਿਤ ਕਰਦੇ ਹੀ ਹਨ ਪਰ ਨਾਲ ਹੀ ਸਮਾਜਿਕ ਪਧਰ ਤੇ ਵੀ ਉਸਨੂੰ ਗਿਲਾਜ਼ਤ ਤੇ ਮਜਾਕ ਦਾ ਪਾਤਰ ਬਣਾ ਦਿੰਦੇ ਹਨ।

ਕਹਾਣੀ ਦਾ ਮੁੱਖ ਪਾਤਰ 'ਆਤਮਾ ਸਿਹੁੰ' ਕਹਾਣੀ ਦੇ ਆਰੰਭ ਵਿਚ ਹੀ ਇਕ ਅਜਿਹੀ ਨਰਕ ਭਰੀ ਜ਼ਿੰਦਗੀ ਜਿਉਂਦਿਆਂ ਹੋਰਵੇ 'ਚ ਹਨੇਰੀ ਕੋਠੜੀ ਵਿਚ ਸੋਚਾਂ ਦੇ ਘੇਰੇ ਵਿਚ ਵਿਖਾਈ ਦਿੰਦਾ ਹੈ। ਜਿਸਦਾ ਮਜਬੂਰਨ ਅਪਣਾਇਆ ਕਿਤਾ ਮਰੇ ਹੋਏ ਡੰਗਰਾਂ ਨੂੰ ਚੁਕਣਾ ਅਤੇ ਉਹਨਾਂ ਦੀ ਘਲ ਲਾਹੁਣਾ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਕਿਤੇ ਨੇ ਭਾਵੇਂ ਉਸਨੂੰ ਰੋਜ਼ੀ ਰੋਟੀ ਲਈ ਤਾਂ ਰਾਹ ਸੌਖਾ ਕਰ ਦਿਤਾ ਪਰ ਇਸ ਗਲੀਜ਼ ਕਿਤੇ ਅਤੇ ਕਸਾਈਪੁਣੇ ਨੇ ਉਸਦੇ ਵਜੂਦ ਨੂੰ ਖੋਖਲਾ ਕਰ ਦਿਤਾਂ। ਜਦ ਵੀ ਉਹ ਕਿਸੇ ਮਰੇ ਡੰਗਰ ਨੂੰ ਚੁਕਣ ਜਾਂਦਾ ਤਾਂ ਉਸਦਾ ਮਾਨਵੀ ਹਿਰਦਾ ਉਸ ਪਰਿਵਾਰ ਦੇ ਜੀਆਂ ਨਾਲ ਦਰਦ ਭਰੇ ਬੋਲ ਸਾਂਝੇ ਕਰਨ ਨੂੰ ਕਰਦਾ ਪਰ ਇਸ ਤੋਂ ਪਹਿਲਾਂ ਹੀ ਲੋਕਾਂ ਦੀਆਂ ਤਿਊੜੀਆਂ ਤੇ ਤੋਹਮਤਾਂ ਉਸਦੇ ਹਿਰਦੇ ਨੂੰ ਚੀਰ ਦਿੰਦੀਆਂ ਹਨ। ਇਥੇ ਕਹਾਣੀਕਾਰ ਨੇ ਬੰਦੇ ਦੇ ਅੰਤਰਮਨ ਦੀ ਚੰਗਿਆਈ ਅਤੇ ਗਲੀਜ਼ ਕਿਤੇ ਦੇ ਪੁੜ ਵਿਚ ਪਿਸ ਰਹੀ ਮੁਖ ਪਾਤਰ ਦੀ ਰੂਹ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕੀਤਾ ਹੈ।

ਸ਼ਬਦ 'ਦਲਿਤ' ਦੇ ਪ੍ਰਸੰਗ ਅਧੀਨ ਮਜਬੂਰਨ ਗਜ਼ਾਲਤ ਭਰੇ ਕਿਤੇ ਨੂੰ ਰੋਜ਼ੀ ਦਾ ਮਾਧਿਅਮ ਬਣਾਉਣਾ

ਅਤੇ ਅੰਤਰਮਨ ਦੀ ਇਸ ਵਿਰੁਧ ਉਠਦੀ ਅਵਾਜ਼ ਦਾ ਪਰਿਵਾਰਕ ਲੋੜਾਂ ਦੇ ਅਗੇ ਝੁਕ ਜਾਣਾ, ਹਾਲਤਾਂ ਦੇ ਸ਼ਿਕਾਰ ਪਾਤਰ ਦੀਆਂ ਸੰਭਾਵੀ ਸਥਿਤੀਆਂ ਨੂੰ ਰੂਪਮਾਨ ਕਰਦਾ ਹੈ।

ਸੋ ਕਿਰਪਾਲ ਕਜ਼ਾਕ ਦੀਆਂ ਉਪਰੋਕਤ ਕਹਾਣੀਆਂ ਦਾ ਅਧਿਐਨ ਸਮਾਜ ਵਿਚ 'ਦਲਿਤ'ਕਹਾਉਣ ਵਾਲੀ ਜਾਤੀ ਦੇ ਅਸਲ ਦੁਖਾਂਤ ਦੀ ਤਸਵੀਰ ਨੂੰ ਸਾਕਾਰ ਕਰਦਾ ਹੈ। ਇਨਸਾਨ ਕਿੰਨ੍ਹਾਂ ਲਾਚਾਰੀਆਂ ਦੇ ਵਸ ਮਾਨਸਿਕ ਉਲਝਣਾਂ ਦਾ ਸ਼ਿਕਾਰ ਹੁੰਦਾ ਹੈ ਅਤੇ ਸਮਾਜਿਕ ਪ੍ਰਬੰਧ ਉਸਨੂੰ ਇਹਨਾਂ ਸਥਿਤੀਆ ਦੇ ਦਰਪੇਸ਼ ਕਿਥੇ ਲਿਆ ਖੜੋਂਦਾ ਹੈ। ਇਥੇ ਦਲਿਤ ਸਿਰਫ਼ ਨਿਮਨ ਜਾਤੀ ਦੇ ਲੋਕ ਹੀ ਸਾਮਰਤਖ ਨਹੀਂ ਹੁੰਦੇ ਸਗੋਂ ਬੇਜ਼ਮੀਨੇ ਅਤੇ ਥੁੜਾਂ ਦੇ ਮਾਰੇ ਪਾਤਰ ਵੀ ਦਲਿਤ ਸਮਾਜ ਦਾ ਹਿਸਾ ਬਣਦੇ ਵਿਖਾਈ ਦਿੰਦੇ ਹਨ।

## ਹਵਾਲੇ ਅਤੇ ਟਿਪਣੀਆਂ


1. ਨਾਭਾ, ਕਾਨ੍ਹ ਸਿੰਘ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪੰਨਾ 2202
2. ਰਾਮ ਚੰਦਰ ਵਰਮਾ (ਸੰਪਾਦਕ), ਮਾਨਕ ਹਿੰਦੀ ਕੋਸ਼,ਤੀਜਾ ਭਾਗ, ਹਿੰਦੀ ਸਾਹਿਤਯ ਸੰਮੇਲਨ ਇਲਾਹਾਬਾਦ, 1903, ਪੰਨਾ 36
3. ਰਜ਼ਨੀਸ਼ ਬਹਾਦਰ ਸਿੰਘ, ਪੰਜਾਬੀ ਦਲਿਤ ਕਹਾਣੀ, ਅਧਾਰ ਤੇ ਅਧਿਐਨ, ਪਰਵਾਜ਼ ਪ੍ਰਕਾਸ਼ਨ ਜਲੰਧਰ, 2015,ਪੰਨਾ 16
4. ਹੁੰਮਸ, (ਕਹਾਣੀ ਸੰਗ੍ਰਹਿ),ਕਿਰਪਾਲ ਕਜ਼ਾਕ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2014,ਪੰਨਾ 7
5. ਉਹੀ, ਪੰਨਾ 7
6. ਉਹੀ, ਪੰਨਾ 14
7. ਉਹੀ, ਪੰਨਾ 15
8. ਉਹੀ, ਪੰਨਾ 57
9. ਉਹੀ, ਪੰਨਾ 65
10. ਉਹੀ, ਪੰਨਾ 68